# ASSIGNMENT

NAME : SWARAN KAUR

ROLL NUMBER : 14

SUBJECT : SEC PUNJABI ASSIGNMENT

Submitted to harvinder mam by swaran kaur.

**ਪ੍ਰਸ਼ਨ:** ਰੰਗਮੰਚ ਵਿਚ ਪਾਤਰ ਉਸਾਰੀ ਦਾ ਕੀ ਮਹੱਤਵ ਹੈ?

**ਉੱਤਰ:** ਪੇਸ਼ਕਾਰੀ ਨੂੰ ਸਫਲ ਬਣਾਉਣ ਵਾਸਤੇ ਨਿਰਦੇਸ਼ਕ ਨੇ ਸੱਤ ਤੋਂ ਵਧ ਧਿਆਨ ਅਭਿਨੇਤਾਵਾਂ ਅਤੇ ਅਭਿਨੇਤਰੀਆਂ (ਪਾਤਰਾਂ ਦੀ ਉਸਾਰੀ) ਦੀ ਚੋਣ ਵੱਲ ਦੇਣਾ ਪੈਂਦਾ ਹੈ ਨਿਰਦੇਸ਼ਕ ਤੋਂ ਬਾਅਦ ਕਿਸੇ ਵੀ ਨਾਟਕੀ ਪੇਸ਼ਕਾਰੀ ਦਾ ਦੂਸਰਾ ਸਭ ਤੋਂ ਮਹੱਤਵਪੂਰਨ ਅੰਗ ਅਦਾਕਾਰ ਹੁੰਦੇ ਹਨ। ਅਤੇ ਰੰਗਮੰਚ ਦੀ ਪੇਸ਼ਕਾਰੀ ਦੀ ਤਿਆਰੀ ਦੌਰਾਨ ਨਿਰਦੇਸ਼ਕ ਦਾ ਸਭ ਤੋਂ ਵੱਧ ਵਕਤ ਅਦਾਕਾਰਾਂ ਦੀ ਸੰਗਤ ਵਿਚ ਗੁਜ਼ਰਦਾ ਹੈ ਸਫਲ ਪੇਸ਼ਕਾਰੀ ਉਹੀ ਹੁੰਦੀ ਹੈ ਦਰਅਸਲ ਬਾਅਦ ਪੇਸ਼ਕਾਰੀ ਦਾ ਸਭ ਤੋਂ ਮਹੱਤਵਪੂਰਨ ਅੰਗ ਵਧੀਆ ਅਦਾਕਾਰੀ ਹੁੰਦਾ ਹੈ ਇਸ ਕਰਕੇ ਪਾਤਰ ਚੋਣ, ਪਾਤਰ ਉਸਾਰੀ ਦਾ ਮਹੱਤਵ ਰੰਗਮੰਚ ਵਿਚ ਬਹੁਤ ਮਹੱਤਵ-ਪੂਰਨ ਹੁੰਦਾ ਹੈ

**ਅਦਾਕਾਰਾਂ ਦੀ ਚੋਣ :**

ਕਿਸੇ ਵੇਲੇ ਨਿਰਮਾਤਾ ਵਲੋਂ ਹੀ ਪਾਤਰ ਚੋਣ ਕਰ ਲਈ ਜਾਂਦੀ ਹੈ ਬਾਕੀ ਸਾਰੇ ਪਾਤਰ ਨਿਰਦੇਸ਼ਕ ਨੇ ਹੀ-ਚੁਣਨੇ ਹੁੰਦੇ ਹਨ। ਜਿਥੇ ਤਕ ਹੋ ਸਕੇ ਨਿਰਦੇਸ਼ਕ ਨੂੰ ਪਾਤਰ ਚੋਣ ਕਰਨ ਵੇਲੇ ਪੂਰਨ ਸੁਤੰਤਰਤਾ ਵਰਤਣੀ ਚਾਹੀਦੀ ਹੈ ਤੇ ਉਹਨਾਂ ਪਾਤਰਾਂ ਦੀ ਚੋਣ ਕਰਨੀ ਚਾਹੀਦੀ ਹੈ ਜਿਹੜੇ ਨਿਰਦੇਸ਼ਕ ਦੇ ਪਾਤਰ ਸੰਕਲਪ ਨਾਲ ਵਿਕਸਿਤ ਹੋਣ ਦੇ ਕਾਬਲ ਹੋਣ।

ਪਾਤਰ ਉਸਾਰੀ ਲਈ ਅਦਾਕਾਰਾਂ ਦੀ ਚੋਣ ਦੇ ਸੰਬੰਧ ਵਿਚ ਇਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਕਿਉਂਕਿ ਅਦਾਕਾਰਾਂ ਦਾ ਆਪਸ ਵਿਚ ਮੁਕਾਬਲਾ ਚਲਦਾ ਰਹਿੰਦਾ ਹੈ, ਹਰ ਅਦਾਕਾਰ ਦੂਜੇ ਨਾਲੋਂ ਵਧੀਆ ਕੰਮ ਦਾ ਦਿਖਾਵਾ ਕਰਨਾ ਚਾਹੁੰਦਾ ਹੈ ਜਿੱਥੇ ਵੀ ਦੋ ਅਦਾਕਾਰਾਂ ਦਾ ਕਿਸੇ ਸੀਨ ਵਿਚ ਇਕ ਦੂਜੇ ਨਾਲ ਜੋੜ ਵਿਰੋਧ ਦਾ ਰਿਸ਼ਤਾ ਬਣ ਜਾਂਦਾ ਹੈ ਅਜਿਹੇ ਅਦਾਕਾਰਾਂ ਦੀ ਚੋਣ ਕਰਨ ਵੇਲੇ ਇਹ ਵਿਚਾਰਨਾ ਪੈਂਦਾ ਹੈ ਕਿ ਕੀ ਇਹ ਦੋਵੇਂ ਅਦਾਕਾਰ ਕਿਸੇ ਸੀਨ ਵਿਚ ਜੋੜ ਵਿਰੋਧ ਹੋਣ ਦੇ ਬਾਵਜੂਦ , ਇਕੋ ਟੀਮ ਵਿਚ ਕੰਮ

ਦਰਜ ਕਰਦੇ ਹਨ ਜਾਂ ਨਹੀਂ। ਜੇ ਇਸ ਗੱਲ ਦੀ ਸੰਭਾਵਨਾ ਨਜ਼ਰ ਆਏ ਕਿ ਇਹ ਦੋਵੇਂ ਅਦਾਕਾਰ ਇੱਕੋ ਕੰਮ ਦਰਜ ਕਰਦੇ ~~ਕ~~ ਤਾਂ ਇਹਨਾਂ ਵਿਚੋਂ ਘੱਟੋ-ਘੱਟ ਇਕ ਨੂੰ ਤਾਂ ਛੱਡਣਾ ਹੀ ਪਵੇਗਾ ਬਾਕੀ ਦੋਵੇਂ ਉੱਚ ਦਰਜੇ ਦੇ ਅਦਾਕਾਰ ਹੋਣ। ਪੂਰੀ ਟੀਮ ਵਿਚ ਸ਼ਰੀਰਕ ਬਣਤਰ ਅਤੇ ਉਚਾਰਣ ਵਿਧੀ ਸੰਬੰਧੀ ਏਕਨ ਸਮਾਨਤਾ ਵੀ ਹੋਣੀ ਚਾਹੀਦਾ ਹੈ ਉਦਾਹਰਣ ਲਈ ਜੇ ਸਾਰੇ ਅਭਿਨੇਤਾਵਾਂ ਦੀ ਉਚਾਈ ਜਾਂ ਆਵਾਜ਼ ਇਕੋ ਜਿਹੀ ਹੋਵੇ ਤਾਂ ਪੇਸ਼ਕਾਰੀ ਵਿਚ ਆਕਰਸ਼ਣ ਘਟ ਜਾਂਦਾ ਹੈ ਇਸੇ ਤਰ੍ਹਾਂ ਅਭਿਨੇਤਰੀਆਂ ਵਿਚ ਵੀ ਭਿੰਨਤਾ ਹੋਣੀ ਚਾਹੀਦੀ ਹੈ ਪਰ ਇਸ ਭਿੰਨਤਾ ਦਾ ਅਰਥ ਇਹ ਵੀ ਨਹੀਂ ਕਿ ਕੁਝ ਪਾਤਰ ਪਤਲੇ ਹੋਣ ਤੇ ਬਾਕੀ ਸਾਰੇ ਭਾਰੇ ਸਰੀਰਾਂ ਵਾਲੇ ਹੋਣ। ਸਾਰੀ ਟੀਮ ਵਿਚ ਇਕ ਸੰਤੁਲਨ ਹੋਣਾ ਵੀ ਆਵੱਸ਼ਕ ਹੈ।

ਜਦ ਵੀ ਪੇਸ਼ਕਾਰੀ ਵਿਚ ਕੁਝ ਅਜਿਹੇ ਪਾਤਰ ਹੁੰਦੇ ਹਨ ਜਿਨ੍ਹਾਂ ਦੀ ਸ਼ਖਸੀਅਤ ਬਹੁਤ ਵਿਕਸਿਤ ਹੁੰਦਾ ਹੈ ਅਤੇ ਉਨ੍ਹਾਂ ਦੀ ਸ਼ਖਸੀਅਤ ਵਿਚ ਕਈ ਕਈ ਭਿੰਨ ਭਿੰਨ ਤਰ੍ਹਾਂ ਦੇ ਲੱਛਣ ਪ੍ਰਮੁੱਖ ਹੁੰਦੇ ਹਨ। ਕਿਸੇ ਅਦਾਕਾਰਾਂ ਨੂੰ ਵੱਖ ਵੱਖ ਸਥਿਤੀਆਂ ਵਿਚ ਵੱਖ ਵੱਖ ਕਿਸਮ ਦੀ ਅਦਾਕਾਰੀ ਕਰਨੀ ਪੈ ਸਕਦੀ ਹੈ। ਨਿਰਦੇਸ਼ਕ ਨੂੰ ਦੇਖਣਾ ਪੈਂਦਾ ਹੈ ਕਿ ਅਜਿਹੇ ਕਿਰਦਾਰ ਨੂੰ ਨਿਭਾਉਣ ਵਾਸਤੇ ਚੁਣੇ ਜਾਣ ਵਾਲੇ ਅਦਾਕਾਰ ਦੀ ਅਦਾਕਾਰੀ ਦਾ ਦਾਇਰਾ ਵਿਸ਼ਾਲ ਹੋਵੇ।

- <u>ਅਦਾਕਾਰਾਂ ਦੀ ਚੋਣ ਵਾਸਤੇ ਢੰਗ ਤਰੀਕੇ</u>

ਸੱਭ ਤੋਂ ਪਹਿਲਾਂ ਨਿਰਦੇਸ਼ਕ ਅਦਾਕਾਰ ਦੀ ਦਿੱਖ, ਸਰੀਰਕ ਬਣਤਰ ਅਤੇ ਮਨੋਵਿਗਿਆਨਕ ਪਿਛੋਕੜ ਬਾਰੇ ਵਾਕਫ਼ੀ ਹਾਸਲ ਕਰਦਾ ਹੈ। ਨਿਰਦੇਸ਼ਕ ਇਸ ਮੰਤਵ ਦੀ ਪੂਰਤੀ ਲਈ ਅਦਾਕਾਰ ਸੰਬੰਧੀ ਛਪੀ ਆਲੋਚਨਾ, ਜੋ ਉਪਲਬਧ ਹੋਵੇ, ਪੜ੍ਹਦਾ ਹੈ ਅਤੇ ਉਸ ਨਿਰਦੇਸ਼ਕ ਨਾਲ ਸੰਪਰਕ ਕਰਨ ਦਾ ਕੋਸ਼ਿਸ਼ ਕਰਦਾ ਹੈ ਜਿਸ ਨਾਲ ਅਦਾਕਾਰ ਨੇ ਪਹਿਲੇ ਕੰਮ ਕੀਤਾ ਹੋਵੇ।

ਅਦਾਕਾਰ ਦੀ ਮੁਲਾਕਾਤ ਦੌਰਾਨ ਨਿਰਦੇਸ਼ਕ ਨੂੰ ਅਜਿਹੇ ਢੰਗ ਤਰੀਕੇ ਨਾਲ ਵਾਰਤਾਲਾਪ ਕਰਨੀ ਅਤੇ ਅਜਿਹੇ ਸਵਾਲ ਪੁੱਛਣੇ

ਚਾਹੀਦੇ ਹਨ, ਜਿਸ ਨਾਲ ਅਦਾਕਾਰ ਦੀ ਪੂਰੀ ਸ਼ਖਸੀਅਤ, ਮਨੋਵਿਗਿਆਨਕ ਪਿਛੋਕੜ, ਅਨੁਭਵ, ਰੰਗਮੰਚ ਬਾਰੇ ਜਾਣਕਾਰੀ ਹੋਣ ਵਾਲੀ ਪੇਸ਼ਕਾਰੀ ਸੰਬੰਧੀ ਸਮਝ ਅਤੇ ਸਮੱਸਿਆਵਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ। ਅਦਾਕਾਰਾਂ ਦੀ ਚੋਣ ਦੇ ਸਮੁੱਚੇ ਪੜਾਅ ਵਿਚ ਅਦਾਕਾਰਾਂ ਨੂੰ ਕਿਸੇ ਨਾਟਕ ਦੇ ਰੂਪ ਅਲੱਗ-ਅਲੱਗ ਹਿੱਸੇ ਪਾਤਰ ਦੇ ਸੁਭਾਵਾਂ ਲਈ ਦਿੱਤੇ ਜਾਂਦੇ ਹਨ।

- **ਪਾਤਰ ਫਿਟ**

ਪਾਤਰ ਫਿਟ ਕਰਨ ਸਮੇਂ ਸਭ ਤੋਂ ਪਹਿਲਾਂ ਇਸ ਗੱਲ ਦਾ ਧਿਆਨ ਰੱਖਿਆ ਜਾਂਦਾ ਹੈ ਕਿ ਨਿਰਧਾਰਤ ਭੂਮਿਕਾਵਾਂ ਵਿਚ ਸੁਭਾਵਿਕਤਾ ਕਾਇਮ ਰਹੇ ਅਤੇ ਪਾਤਰ ਫਿਟ ਪਾਤਰਾਂ ਦੇ ਆਪਸੀ ਰਿਸ਼ਤਿਆਂ ਦੇ ਅਨੁਕੂਲ ਹੋਵੇ। ਇਸ ਲਈ ਪਾਤਰ ਫਿਟ ਵੇਲੇ ਅਦਾਕਾਰਾਂ ਦੀ ਸਰੀਰਕ ਬਣਤਰ ਵੱਲ ਉਚੇਚਾ ਧਿਆਨ ਦਿੱਤਾ ਜਾਂਦਾ ਹੈ ਉਦਾਹਰਣ ਵਜੋਂ ਕਿਸੇ ਕਮਜ਼ੋਰ ਸਰੀਰ ਵਾਲੇ ਅਭਿਨੇਤਾ ਨੂੰ ਪਹਿਲਵਾਨ ਦੀ ਭੂਮਿਕਾ ਨਹੀਂ ਦਿੱਤੀ ਜਾ ਸਕਦੀ। ਇਸ ਤਰ੍ਹਾਂ ਜੇ ਨਾਇਕ ਦੀ ਭੂਮਿਕਾ ਨਿਭਾ ਰਹੇ ਅਭਿਨੇਤਾ ਦਾ ਕੱਦ ਪੰਜ ਫੁੱਟ ਦੇ ਵਿਚ ਹੋਵੇ ਤਾਂ ਪੰਜ ਫੁੱਟ ਦੇ ਵਿਚ ਕੱਦ ਵਾਲੀ ਅਭਿਨੇਤਰੀ ਨੂੰ ਨਾਇਕਾ ਦੀ ਭੂਮਿਕਾ ਨਹੀਂ ਦਿੱਤੀ ਜਾ ਸਕਦੀ। ਇਸ ਨਾਲ ਸੁਭਾਵਿਕਤਾ ਨੂੰ ਹਰਜ ਹੋ ਜਾਂਦਾ ਹੈ

- **ਅਦਾਕਾਰਾਂ ਦੀ ਅਗਵਾਈ**

ਪਾਤਰ ਉਸਾਰੀ ਨੂੰ ਸਪੱਸ਼ਟ ਬਣਾਉਣ ਅਤੇ ਚੰਗੀ ਤਰ੍ਹਾਂ ਨਿਭਾਉਣ ਲਈ ਅਦਾਕਾਰ ਨੂੰ ਨਿਰਦੇਸ਼ਕ ਉਸ ਦੀ ਭੂਮਿਕਾ ਦੀ ਵਿਆਖਿਆ ਕਰਕੇ ਦਸਦਾ ਹੈ, ਰਿਹਰਸਲਾਂ ਦੌਰਾਨ ਸਮੇਂ-ਸਮੇਂ ਹਦਾਇਤਾਂ ਦਿੰਦਾ ਹੈ ਅਤੇ ਜਿੱਥੇ ਕਿਤੇ ਗਲਤੀ ਹੋਵੇ ਉਸ ਗਲਤੀ ਨੂੰ ਠੀਕ ਕਰਵਾਉਂਦਾ ਹੈ ਇਸ ਸੰਬੰਧ ਵਿਚ ~~ਸਮਝ~~ ਸਮਝਣ ਵਾਲਾ ਵਿਚ ਅਤਿ ਜ਼ਰੂਰੀ ਇਹ ਹੈ ਕਿ ਹਰ ਅਦਾਕਾਰ ਆਪਣੀ ਭੂਮਿਕਾ ਨੂੰ ਨਾਟਕ ਦੇ ਸਮੁੱਚੇ ਪ੍ਰਸੰਗ ਵਿਚ ਰੱਖ ਕੇ ਵਿਚਾਰੇ। ਜਿਹੜਾ ਅਦਾਕਾਰ ਆਪਣੀ ਭੂਮਿਕਾ ਨੂੰ ਵੱਖਰੀ ਸੀਮਾ ਵਿਚ ਫਿੱਟ ਕਰ ਦੇਖਦਾ ਹੈ ਅਤੇ ਅਦਾਕਾਰੀ ਕਰਦਾ ਹੈ ਉਹ ਪੇਸ਼ਕਾਰੀ ਦੌਰਾਨ ਵਧੀਆ ਅਦਾਕਾਰ ਬਣ ਕੇ ਨਹੀਂ ਉਭਰ ਸਕਦਾ।

Page No.
Date

* ਕਿਸੇ ਵੀ ਅਦਾਕਾਰ ਵਲੋਂ ਨਿਭਾਈਆਂ ਜਾਣ ਵਾਲੀਆਂ ਉਪ-ਭੂਮਿਕਾਵਾਂ ਵਿਚ ਸੰਤੁਲਨ ਅਤੇ ਵਖਰਤਾ ਹੋਣੀ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੈ ਜੇ ਅਦਾਕਾਰ ਪੂਰੇ ਨਾਟਕ ਵਿਚ ਉਸਾਰੇ ਗਏ ਪਾਤਰ ਨੂੰ ਸਮਝੇ ਅਤੇ ਉਸ ਸਮਝ ਦੇ ਪ੍ਰਸੰਗ ਵਿਚ ਆਪਣੀਆਂ ਉਪ-ਭੂਮਿਕਾਵਾਂ ਨੂੰ ਢਾਲੇ।

—x—